# ਆਮ ਸਵਾਲ

## ਸ: OSHC ਕੀ ਹੈ?

ਓਵਰਸੀਜ਼ ਸਟੂਡੈਂਟਸ ਹੈਲਥ ਕਵਰ (ਵਿਦੇਸੀ ਵਿਦਿਆਰਥੀਆਂ ਲਈ ਸਿਹਤ ਸੁਰੱਖਿਆ - OSHC) ਆਸਟ੍ਰੇਲੀਆ ਵਿਚ ਪੜ੍ਹਾਈ ਕਰਦੇ ਹੋਏ ਤੁਹਾਡੀਆਂ ਲੋੜੀਂਦੀਆਂ ਮੈਡੀਕਲ ਅਤੇ ਹਸਪਤਾਲ ਸੇਵਾਵਾਂ ਲਈ ਅਦਾਇਗੀ ਕਰਨ ਵਿਚ ਤੁਹਾਡੀ ਮਦਦ ਕਰਦਾ ਹੈ।

## ਸ: ਮੈਨੂੰ OSHC ਦੀ ਲੋੜ ਕਿਉਂ ਹੈ?

ਇਕ ਅੰਤਰਰਾਸ਼ਟਰੀ ਵਿਦਿਆਰਥੀ ਹੋਣ ਵਜੋਂ ਤੁਹਾਡੇ ਵਿਦਿਆਰਥੀ ਵੀਜ਼ਾ ਲਈ ਇਹ ਸ਼ਰਤ ਹੈ ਕਿ ਤੁਹਾਡੀ ਆਸਟ੍ਰੇਲੀਆ ਵਿਚ ਰਹਿਣ ਦੀ ਪੂਰੀ ਮਿਆਦ ਲਈ ਤੁਹਾਡੇ ਕੋਲ OSHC ਹੋਵੇਗਾ।

## ਸ: ਮੈਨੂੰ ahm OSHC ਕੀ ਸੁਰੱਖਿਆ ਦਿੰਦਾ ਹੈ?

ਅਸੀਂ ਹੇਠ ਲਿਖੀਆਂ ਸੇਵਾਵਾਂ ਲਈ ਅਦਾਇਗੀ ਕਰਾਂਗੇ ਪਰ ਇਹ ਯਾਦ ਰੱਖੋ ਕਿ ਕੋਈ ਵੀ ਵੱਡਾ ਇਲਾਜ, ਖ਼ਾਸ ਕਰਕੇ ਹਸਪਤਾਲ ਵਿਚ ਹੋਣ ਵਾਲਾ ਇਲਾਜ ਕਰਵਾਉਣ ਤੋਂ ਪਹਿਲਾਂ ਸਾਨੂੰ ਸੰਪਰਕ ਕਰਨਾ ਜ਼ਰੂਰੀ ਹੈ:

**☑ ਡਾਕਟਰ**
ਅਸੀਂ ਜੀਪੀ ਦੀਆਂ ਸੇਵਾਵਾਂ ਲਈ ਮੈਡੀਕੇਅਰ ਬੈਨੀਫ਼ਿਟਸ ਸ਼ਡਿਊਲ (MBS) ਦੇ ਮੁਤਾਬਕ ਫ਼ੀਸ ਦੀ 100% ਅਦਾਇਗੀ ਕਰਦੇ ਹਾਂ (ਡਾਕਟਰ MBS ਤੋਂ ਵੱਧ ਫ਼ੀਸ ਲੈ ਸਕਦੇ ਹਨ) ਅਤੇ ਦੂਜੀਆਂ ਹਸਪਤਾਲ ਤੋਂ ਬਾਹਰ ਦੀਆਂ ਸੇਵਾਵਾਂ ਲਈ ਫ਼ੀਸ ਦੀ 85% ਅਦਾਇਗੀ ਕਰਦੇ ਹਾਂ।

**☑ ਹਸਪਤਾਲ***
ਇਸ ਵਿਚ ਸ਼ਾਮਲ ਹਨ ਹਸਪਤਾਲ ਵਿਚ ਰਹਿਣਾ, ਥਿਏਟਰ ਦੀ ਫ਼ੀਸ, ਉਸੇ ਦਿਨ ਦੀਆਂ ਸੇਵਾਵਾਂ, ਦੁਰਘਟਨਾ ਅਤੇ ਐਮਰਜੈਂਸੀ ਸੇਵਾਵਾਂ ਅਤੇ ਬਾਹਰੀ ਰੋਗੀ ਲਈ ਮੈਡੀਕਲ ਅਤੇ ਉਪਰੇਸ਼ਨ ਮਗਰੋਂ ਦੀਆਂ ਸੇਵਾਵਾਂ।

**☑ ਨੁਸਖ਼ੇ ਦੀਆਂ ਦਵਾਈਆਂ**
ਤੁਸੀਂ ਲਾਗਤ ਦੀ ਪੂਰਤੀ ਲਈ ਇਕ ਨਿਸ਼ਚਿਤ ਰਕਮ (ਪੀਬੀਐਸ ਰਕਮ) ਦੀ ਅਦਾਇਗੀ ਕਰਦੇ ਹੋ ਅਤੇ ਅਸੀਂ $50 ਤਕ ਦੇ ਬਾਕੀ ਦੇ ਪੈਸੇ ਭਰਦੇ ਹਾਂ।

**☑ ਪੈਥੋਲੋਜੀ ਅਤੇ ਐਕਸ-ਰੇ**

**☑ ਐਮਰਜੈਂਸੀ ਵੇਲੇ ਐਂਬੂਲੰਸ ਸੇਵਾ**

**☑ ਨਕਲੀ ਅੰਗਾਂ ਜਿਹੇ ਯੰਤਰ** (ਜਿਵੇਂ ਕਿ ਨਕਲੀ ਗੋਡੇ)

**ahm OSHC ਪਾਲੀਸੀ ਦਸਤਾਵੇਜ਼ ਵਿਚ ahm OSHC ਦੀਆਂ ਅਦਾਇਗੀਆਂ ਦਾ ਪੂਰਾ ਵੇਰਵਾ ਦਿੱਤਾ ਹੋਇਆ ਹੈ।**

***ਨੋਟ:** ਪਹਿਲਾਂ ਤੋਂ ਮੌਜੂਦ ਮੈਡੀਕਲ ਹਾਲਤ ਅਤੇ ਇਸ ਨਾਲ ਸੰਬੰਧਤ ਸੈਕੰਡਰੀ ਹਾਲਤ ਦੇ ਇਲਾਜ ਲਈ 12 ਮਹੀਨਿਆਂ ਦਾ ਉਡੀਕ ਦਾ ਸਮਾ ਹੈ।

ਜੇਕਰ ਤੁਸੀਂ ਮੈਂਬਰਸ਼ਿਪ ਦੇ ਪਹਿਲੇ 12 ਮਹੀਨਿਆਂ ਵਿਚ ਕੋਈ ਇਲਾਜ ਪ੍ਰਾਪਤ ਕਰਦੇ ਹੋ ਤਾਂ ਇਲਾਜ ਦਾ ਖ਼ਰਚ ਤੁਹਾਨੂੰ ਆਪ ਬਰਦਾਸ਼ਤ ਕਰਨਾ ਪਵੇਗਾ।

ਜੇਕਰ ਤੁਸੀਂ ਕਿਸੇ ਦੂਜੇ ਫ਼ੰਡ ਤੋਂ ahm ਵਿਚ ਆਉਂਦੇ ਹੋ ਤਾਂ ਪਹਿਲੇ ਫ਼ੰਡ ਵਿਚ ਬੀਤੇ ਹੋਏ ਸਮੇ ਨੂੰ ਗਿਣਿਆ ਜਾਵੇਗਾ।

## ਸ: ਦੰਦਾਂ ਅਤੇ ਐਨਕਾਂ ਲਈ ਖ਼ਰਚ ਦੇ ਕਵਰ ਦੀ ਕੀ ਸਥਿਤੀ ਹੈ?

ਤੁਸੀਂ ਦੰਦਾਂ, ਐਨਕਾਂ, ਸਰੀਰਕ ਵਰਜ਼ਸ਼ ਨਾਲ ਇਲਾਜ ਅਤੇ ਕੰਗਰੋੜ ਇਲਾਜ ਜਿਹੇ ਦੂਜੇ ਕੰਮਾਂ ਲਈ ਵਾਧੂ ਕਵਰ ਲੈ ਸਕਦੇ ਹੋ। ਤੁਸੀਂ **ahm OSHC Basic Extras** ਜਾਂ **ahm OSHC Family Extras** ਵਿਚੋਂ ਚੋਣ ਕਰ ਸਕਦੇ ਹੋ।

ਇਹ ਕਵਰ ਤੁਹਾਡੇ ਵੀਜ਼ਾ ਦੀਆਂ ਸ਼ਰਤਾਂ ਨੂੰ ਪੂਰਾ ਨਹੀਂ ਕਰਦਾ ਹੈ ਅਤੇ ਇਹ ahm OSHC ਤੋਂ ਵੱਖ ਹੀ ਲਿਆ ਜਾ ਸਕਦਾ ਹੈ।

ਤੁਸੀਂ ਕਲੇਮ ਕਰ ਸਕੋ ਇਸ ਤੋਂ ਪਹਿਲਾਂ ਤੁਹਾਨੂੰ ਕੁਝ ਸਮਾ ਉਡੀਕਣ ਦੀ ਲੋੜ ਹੈ।

## ਸ: ਮੈਂ ਕਲੇਮ ਕਿਵੇਂ ਕਰਨਾ ਹੈ?

ਬਹੁਤ ਸਾਰੇ ਅਸਾਨ ਤਰੀਕੇ ਹਨ ਜਿਨ੍ਹਾਂ ਰਾਹੀਂ ਤੁਸੀਂ ਆਪਣਾ ਕਲੇਮ ਕਰ ਸਕਦੇ ਹੋ ਅਤੇ ਅਸੀਂ ਤੁਹਾਡੀਆਂ ਅਦਾਇਗੀਆਂ ਨਾਮਜ਼ਦ ਕੀਤੇ ਹੋਏ ਖਾਤੇ ਵਿਚ ਜਮ੍ਹਾ ਕਰ ਸਕਦੇ ਹਾਂ ਜਾਂ ਤੁਹਾਨੂੰ ਡਾਕ ਰਾਹੀਂ ਚੈਕ ਘੱਲ ਸਕਦੇ ਹਾਂ।

**ਆਨਲਾਈਨ ਜਾਂ ਫ਼ੋਨ**
ਪਹਿਲਾਂ ਤਾਂ ਤੁਹਾਨੂੰ ਇਕ ਖਾਤਾ ਨਾਮਜ਼ਦ ਕਰਨ ਦੀ ਲੋੜ ਹੈ ਜਿਸ ਵਿਚ ਅਸੀਂ ਅਦਾਇਗੀਆਂ ਭਰ ਸਕਦੇ ਹਾਂ। ਕਲੇਮ ਕਰਨ ਲਈ **www.ahm.com.au/oshc** 'ਤੇ ਮੈਂਬਰ ਸੇਵਾਵਾਂ ਨੂੰ ਲਾਗ-ਇਨ ਕਰੋ ਜਾਂ **134 246** 'ਤੇ ਫ਼ੋਨ ਕਰੋ। ਸਾਨੂੰ ਆਪਣੇ ਕਲੇਮ ਦਾ ਵੇਰਵਾ ਦਿਓ ਅਤੇ ਅਦਾਇਗੀਆਂ 48 ਘੰਟਿਆਂ ਦੇ ਅੰਦਰ ਘੱਲ ਦਿੱਤੀਆਂ ਜਾਣ ਗੀਆਂ। ਯਾਦ ਨਾਲ ਕਲੇਮ ਫ਼ਾਰਮ ਨੂੰ ਛਾਪ ਕੇ ਅਤੇ ਰਸੀਦਾਂ ਉਸ ਨਾਲ ਨੱਥੀ ਕਰਕੇ OSHC ਨੂੰ ਡਾਕ ਰਾਹੀਂ ਘੱਲ ਦਿਓ।

**ਡਾਕ**
ਆਪਣਾ ਕਲੇਮ ਫ਼ਾਰਮ ਅਤੇ ਰਸੀਦਾਂ ahm OSHC, Locked Bag 1006, Matraville NSW 2036 ਨੂੰ ਡਾਕ ਰਾਹੀਂ ਘੱਲ ਦਿਓ। ਕਿਰਪਾ ਕਰਕੇ ਯਕੀਨੀ ਬਣਾਓ ਕਿ ਤੁਹਾਡੇ ਪਤੇ ਦਾ ਵੇਰਵਾ ਕਲੇਮ ਫ਼ਾਰਮ 'ਤੇ ਲਿਖਿਆ ਹੋਇਆ ਹੈ।

**ਨਿੱਜੀ ਤੌਰ ਤੇ**
ਕਲੇਮ ਫ਼ਾਰਮ ਅਤੇ ਬਿਲਾਂ ਨੂੰ ਆਪਣੇ ਸਕੂਲ ਵਿਚ ahm OSHC ਵਿਦਿਆਰਥੀ ਨੁਮਾਇੰਦੇ ਨੂੰ ਜਾਂ Wollongong ਵਿਚ ਸਾਡੇ ਹੈੱਡ ਆਫ਼ਿਸ ਵਿਚ (ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8:30 ਵਜੇ ਤੋਂ ਸ਼ਾਮ 4:30 ਵਜੇ) ਜਾਂ ਸਿਡਨੀ ਵਿਚ ahm OSHC ਦੇ ਸਰਵਿਸ ਸੈਂਟਰ (Haymarket ਸਵੇਰੇ 8:30 ਵਜੇ ਤੋਂ ਸ਼ਾਮ 4:30 ਵਜੇ) ਵਿਚ ਦੇ ਦਿਓ।

## ਸ: ਮੈਨੂੰ ਮੇਰਾ ਮੈਂਬਰਸ਼ਿਪ ਕਾਰਡ ਕਦੋਂ ਮਿਲੇਗਾ?

ਤੁਹਾਡੀ ahm OSHC ਦੀ ਮੈਂਬਰਸ਼ਿਪ ਸ਼ੁਰੂ ਹੋਣ ਦੇ ਕੁਝ ਦਿਨਾਂ ਵਿਚ ਤੁਹਾਨੂੰ ਆਪਣੀ ਪੜ੍ਹਾਈ ਦੀ ਥਾਂ ਤੋਂ ਮੈਂਬਰਸ਼ਿਪ ਕਾਰਡ ਮਿਲੇਗਾ। ਜੇਕਰ ਤੁਸੀਂ ਆਨਲਾਈਨ ਜਾਇਨ ਕੀਤਾ ਹੈ ਤਾਂ ਇਹ ਤੁਹਾਨੂੰ ਡਾਕ ਰਾਹੀਂ ਘੱਲਿਆ ਜਾਵੇਗਾ।

## ਸ: ਜੇਕਰ ਮੇਰਾ ਮੈਂਬਰਸ਼ਿਪ ਕਾਰਡ ਗੁਆਚ ਜਾਂਦਾ ਹੈ?

**www.ahm.com.au/oshc** 'ਤੇ ਮੈਂਬਰ ਸੇਵਾਵਾਂ ਨੂੰ ਲਾਗ-ਇਨ ਕਰਕੇ ਆਪਣੇ ਨਵੇਂ ਕਾਰਡ ਲਈ ਬਿਨੈ ਕਰੋ ਜਾਂ ਸਾਨੂੰ 134 246 'ਤੇ ਫ਼ੋਨ ਕਰ ਦਿਓ।

## ਸ: ਮੈਂ ahm OSHC ਲਈ ਕਿਵੇਂ ਬਿਨੈ ਕਰ ਸਕਦਾ ਹਾਂ?

| | |
|---|---|
| **ਆਨ-ਲਾਈਨ:** | **www.ahm.com.au/oshc** 'ਤੇ ਆਨ-ਲਾਈਨ ਬਿਨੈ ਫ਼ਾਰਮ ਭਰੋ |
| **ਫ਼ੋਨ:** | **134 246** 'ਤੇ ਫ਼ੋਨ ਕਰੋ |
| **ਡਾਕ:** | ਆਪਣਾ ਬਿਨੈ ਫ਼ਾਰਮ ਏਥੇ ਘੱਲ ਦਿਓ<br>**ahm OSHC**<br>**Locked Bag 1006**<br>**Matraville NSW 2036** |

## ਸ: ਜੇਕਰ ਮੈਨੂੰ ਵਧੇਰੇ ਮਦਦ ਚਾਹੀਦੀ ਹੈ?

ahm OSHC ਵਜੋਂ ਤੁਹਾਡੀ ਇਹਨਾਂ ਤਕ ਪਹੁੰਚ ਹੋਵੇਗੀ:

**ਐਮਰਜੈਂਸੀ ਹੈਲਪਲਾਈਨ ਅਤੇ ਦੁਭਾਸ਼ੀਆ ਸੇਵਾ**
ਮੈਡੀਕਲ ਅਤੇ ਦੁਭਾਸ਼ੀਆ ਸੇਵਾ ਦੀ ਮਦਦ ਵਾਸਤੇ 1800 006 745 'ਤੇ ਮੁਫ਼ਤ ਫ਼ੋਨ ਕਰੋ।

## ਜ਼ਰੂਰੀ ਜਾਣਕਾਰੀ

**ਆਪਣੇ ਸੰਪਰਕ ਵੇਰਵੇ ਦੀ ਤਾਜ਼ਾ ਜਾਣਕਾਰੀ**
ਜਦੋਂ ਤੁਸੀਂ ਆਪਣਾ ਘਰ ਬਦਲਦੇ ਹੋ ਤਾਂ ਸਾਨੂੰ ਦੱਸਣਾ ਜ਼ਰੂਰੀ ਹੈ। ਆਪਣੇ ਨਿੱਜੀ ਵੇਰਵੇ ਦੀ ਸੋਧ ਕਰਨ ਲਈ **www.ahm.com.au/oshc** 'ਤੇ ਮੈਂਬਰ ਸੇਵਾਵਾਂ ਨੂੰ ਲਾਗ-ਇਨ ਕਰੋ ਜਾਂ **134 246** 'ਤੇ ਫ਼ੋਨ ਕਰੋ।

**ਯਕੀਨੀ ਬਣਾਓ ਕਿ ਤੁਹਾਡਾ OSHC ਜਾਰੀ ਰਹਿੰਦਾ ਹੈ**
ਜੇਕਰ ਤੁਹਾਡਾ ਕਵਰ ਖ਼ਤਮ ਹੋ ਜਾਂਦਾ ਹੈ ਤਾਂ Department of Immigration and Multicultural Affairs ਤੁਹਾਡੇ ਵਿਦਿਆਰਥੀ ਵੀਜ਼ਾ ਨੂੰ ਰੱਦ ਕਰ ਸਕਦਾ ਹੈ। ਤੁਹਾਨੂੰ ਆਪਣੇ ਸਾਰੇ ਮੈਡੀਕਲ ਅਤੇ ਹਸਪਤਾਲ ਦੇ ਖ਼ਰਚ ਵੀ ਆਪ ਅਦਾ ਕਰਨੇ ਪੈਣਗੇ ਅਤੇ ਇਹ ਬਹੁਤ ਮਹਿੰਗੇ ਹੁੰਦੇ ਹਨ।

# ਸਾਨੂੰ ਸੰਪਰਕ ਕਿਵੇਂ ਕਰਨਾ ਹੈ

**ਫ਼ੋਨ** (+61) 134 246
**ਆਨ-ਲਾਈਨ** www.ahm.com.au/oshc
**ਈਮੇਲ** oshc@ahm.com.au

ahm® Overseas Student Health Cover